بِسۡمِ اللّٰہِ الرَّحۡمٰنِ الرَّحِیۡمِ     نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ     وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ 4 .12.2015

**ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ**

**ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 4 ਦਸੰਬਰ 2015 ਈ. ਨੂੰ ਮਸਜਿਦ ਬੈਅਤੁਲ ਫ਼ੁਤੂਹ ਲੰਦਨ ਵਿੱਚ ਦਿੱਤਾ ।**

ਅਲੱਾਹ ਤਆਲਾ ਨੇ ਆਪਣੇ ਵਾਦੇ ਅਨੁਸਾਰ ਹਜ਼ਰਤ ਮੁਹੱਮਦ ਸਲਲੱਾਹੁ ਅਲੈਹਿ ਵਸਲਅਮ ਦੇ ਸੱਚੇ ਪ੍ਰੇਮੀ ਨੂੰ ਭੇਜ ਕੇ ਇਸਲਾਮ ਦੇ ਪੁਨਰ ਉਥੱਾਨ ਦਾ ਅਰੰਭ ਕੀਤਾ । ਉਹ ਲੋਕ ਨਿਸ਼ਚੇ ਹੀ ਖ਼ੁਸ਼ਕਿਸਮਤ ਸਨ ਜਿੰਨ੍ਹਾ ਨੇ ਚੌਦਾਂ ਸੌ ਸਾਲ ਬਾਦ ਫਿਰ ਤਾਜ਼ਾ ਵਹੀ ਤੇ ਇਲਹਾਮ ਨਾਜ਼ਿਲ ਹੋਣ ਦਾ ਜੁੱਗ ਪ੍ਰਾਪਤ ਕੀਤਾ ਅਤੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀ ਬੈਅਤ ਵਿੱਚ ਆਕੇ ਉਸ ਤੋਂ ਸਿੱਧੇ ਰੂਪ ਵਿੱਚ ਫ਼ੈਜ਼ ਹਾਸਲ ਕੀਤਾ ।

* ਜਿਸ ਤਬਾਹੀ ਵੱਲ ਦੁਨੀਆ ਤੇਜ਼ੀ ਨਾਲ ਜਾ ਰਹੀ ਹੈ, ਉਸ ਲਈ ਜਮਾਤ ਅਹਮਦੀਆ ਦੇ ਲੋਕਾਂ ਨੂੰ ਬਹੁਤ ਅਧਿਕ ਦੁਆਵਾਂ ਵੱਲ ਧਿਆਨ ਦੇਣਾ ਚਾਹੀਦਾ ਹੈ । ਇਸ ਤੋਂ ਬਿਨਾ ਵੀ ਸਾਵਧਾਨੀ ਦੇ ਪੱਖਾਂ ਲਈ ਬੀਤੇ ਵਰ੍ਹਿਆਂ ਵਿੱਚ ਮੈਂ ਜਮਾਤ ਨੂੰ ਧਿਆਨ ਦੁਆਇਆ ਸੀ ਕਿ ਇਸ ਵੱਲ ਵੀ ਧਿਆਨ ਦੇਣ । ਅਲੱਾਹ ਤਅਲਾ ਸਰਕਾਰਾਂ ਤੇ ਸ਼ਕਤੀਆਂ ਨੂੰ ਵੀ ਅਕਲ ਦੇਵੇ ਕਿ ਦੁਨੀਆ ਨੂੰ ਤਬਾਹੀ ਵੱਲ ਅਤੇ ਬਰਬਾਦੀ ਵੱਲ ਨ ਲੈਕੇ ਜਾਣ ।

ਤਸ਼ਹੁੱਦ, ਤਅਵੁੱਜ਼, ਤਸਮੀਆ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਨੇ ਫ਼ਰਮਾਇਆ :

ਅਲੱਾਹ ਤਅਲਾ ਨੇ ਆਪਣੇ ਵਾਦੇ ਅਨੁਸਾਰ ਹਜ਼ਰਤ ਮੁਹਮੱਦ ਮੁਸਤਫ਼ਾ ਸਲਲੱਾਹੁ ਅਲੈਹਿ ਵਸਲਅਮ ਦੇ ਸੱਚੇ ਪ੍ਰੇਮੀ ਨੂੰ ਭੇਜ ਕੇ ਇਸਲਾਮ ਦੇ ਪੁਨਰ ਉਥੱਾਨ ਦਾ ਆਰੰਭ ਕੀਤਾ । ਉਹ ਲੋਕ ਨਿਸ਼ਚੇ ਹੀ ਬਹੁਤ ਖ਼ੁਸ ਕਿਸਮਤ ਸਨ ਜਿੰਨ੍ਹਾ ਨੇ ਚੌਦਾਂ ਸੋ ਸਾਲ ਬਾਦ ਫਿਰ ਤਾਜ਼ਾ ਇਲਹਾਮ ਤੇ ਭਵਿਖਬਾਣੀਆਂ ਦੇ ਪ੍ਰਗਟ ਹੋਣ ਦਾ ਜੁੱਗ ਵੇਖਿਆ ਅਤੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀ ਬੈਅਤ ਵਿੱਚ ਆਣ ਕਰਕੇ ਉਸ ਨਾਲ ਸਿੱਧੇ ਰੂਪ ਵਿੱਚ ਫ਼ੈਜ਼ ਪ੍ਰਾਪਤ ਕੀਤਾ । ਜੱਦ ਮਨੁੱਖ ਕਲਪਨਾਂ ਦੀ ਦ੍ਰਿਸ਼ਟੀ ਨਾਲ ਦੇਖੇ ਕਿ ਕਿਵੇਂ ਉਹ ਸਹਾਬਾ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਆਲੇ ਦੁਆਲੇ ਆਪਣੇ ਆਪ ਨੂੰ ਦੇਖਕੇ ਆਪਣੇ ਭਾਗ'ਤੇ ਰੱਬ ਦੀ ਹਮਦ ਸਨਾ ਅਤੇ ਉਸ ਦੇ ਸ਼ੁਕਰਾਨੇ ਕਰਦੇ ਹੋਣਗੇ ਤਾਂ ਮਨ ਵਿੱਚ ਇਕ ਅਜੀਬ ਜਿਹੀ ਅਵਸਥਾ ਹੁੰਦੀ ਹੈ । ਰੱਬ ਕਿੰਨ੍ਹਾ ਆਪਣੇ ਵਾਦਿਆਂ ਦਾ ਸਚੱਾ ਹੈ ਕਿ ਜੱਦ ਉਸ ਨੇ ਫ਼ਰਮਾਇਆ ਕਿ ਅੰਤਲੇ ਜੁੱਗ ਵਿੱਚ ਅਜਿਹੇ ਲੋਕ ਪੈਦਾ ਕਰਾਂਗਾ ਜੋ ਪਹਿਲਿਆਂ ਨਾਲ ਸੁਮੇਲ ਖਾਂਦੇ ਹੋਣਗੇ ਤਾਂ ਵਹੀ ਤੇ ਇਲਹਾਮਾਂ ਰਾਹੀਂ ਤਾਜ਼ਾ ਨਿਸ਼ਾਨ ਤੇ ਚਮਤਕਾਰ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਅਮ ਦੇ ਸੱਚੇ ਗ਼ੁਲਾਮ ਤੇ ਪ੍ਰੇਮੀ ਰਾਹੀਂ ਦਿਖਾ ਕੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀ ਬੈਅਤ ਵਿੱਚ ਆਉਣ ਵਾਲਿਆਂ ਦੇ ਈਮਾਨਾ ਨੂੰ ਮਜ਼ਬੂਤ ਕਰ ਦਿੱਤਾ । ਪ੍ਰਤੀ ਦਿਨ ਇਸ ਭਾਲ ਰਾਹੀਂ ਸਵੇਰ ਦਾ ਅਰੰਭ ਕਰਦੇ ਸਨ ਕਿ ਪਤਾ ਕਰਨ ਕਿ ਅੱਜ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੂੰ ਕੀ ਤਾਜ਼ਾ ਵਹੀ ਤੇ ਇਲਹਾਮ ਹੋਇਆ ਹੈ । ਹਜ਼ਤ ਮੁਸਲਿਹ ਮੌਊਦ ਫ਼ਰਮਾਉਂਦੇ ਹਨ ਕਿ ਸਾਡੀ ਇਹ ਆਦਤ ਸੀ, ਮੇਰੀ ਇਹ ਅਵਸਥਾ ਸੀ ਕਿ ਏਧਰ ਹਜ਼ਰਤ ਮਸੀਹ ਮੌਊਦ ਅਲਹਿ ਸਲਾਮ ਨਮਾਜ਼ ਲਈ ਨਿਕਲੇ ਅਤੇ ਅਸੀਂ ਝੱਟ ਜਾਕੇ ਕਾਪੀ ਚੁੱਕ ਕੇ ਦੇਖੀ ਕਿ ਕਿ ਦੇਖੀਏ ਕੀ ਤਾਜ਼ਾ ਇਲਹਾਮ ਹੋਇਆ ਹੈ ਜਾਂ ਫਿਰ ਆਪ ਮਸਜਿਦ ਵਿੱਚ ਪਹੁੰਚ ਕੇ ਆਪ ਜੀ ਦੇ ਮੁਬਾਰਕ ਮੁੱਖਵਾਕ ਰਾਹੀਂ ਸੁਣਿਆ।

ਸੋ, ਇਹ ਸੋਰ, ਉਤਸਾਹ ਤੇ ਸ਼ੌਕ ਸੀ, ਇਸ ਲਈ ਕਿ ਆਪਣੇ ਈਮਾਨਾ ਨੂੰ, ਆਸਥਾ ਨੂੰ ਪਾਲਿਸ਼ (ਲਿਸ਼ਕਾਈਏ) ਕਰੀਏ, ਮਜ਼ਬੂਤ ਕਰੀਏ, ਇਸ ਦੀਆਂ ਬਰਕਤਾਂ ਹਾਸਲ ਕਰੀਏ । ਰੱਬ ਦਾ ਸ਼ੁਕਰਾਨਾ ਤੇ ਉਸਤਤੀ ਕਰੀਏ ਕਿ ਉਸ ਨੇ ਹਜ਼ਰਤ ਮਸੀਹ ਮੌਊਦ ਅਲਹਿ ਸਲਾਮ ਉਪੱਰ ਈਮਾਨ ਲਿਆਉਣ ਦਾ ਸੰਜੋਗ ਪ੍ਰਦਾਨ ਕੀਤਾ । ਫਿਰ ਕਈ ਵਾਰ ਅਜਿਹਾ ਵੀ ਹੁੰਦਾ ਕਿ ਕਿਸੇ ਸਹਾਬੀ ਦੀ ਮੌਜੂਦਗੀ ਵਿੱਚ ਇਲਹਾਮ ਹੁੰਦਾ ਅਤੇ ਉਹ ਖ਼ੁਸ਼ਕਿਸਮਤ ਵੀ ਰੱਬ ਦੀ ਵਹੀ ਨੂੰ ਸੁਣ ਰਿਹਾ ਹੁੰਦਾ । ਕਈ ਵਾਰ ਅਜਿਹੀ ਅਵਸਥਾ ਵੀ ਹੁੰਦੀ ਕਿ ਨਾਲ ਬੈਠੇ ਹੋਏ ਵੀ ਸੁਣ ਰਹੇ ਹੁੰਦੇ । ਅਜਿਹੇ ਹੀ ਇਕ ਬਜ਼ੁਰਗ ਦੀ ਚਰਚਾ ਕਰਦਿਆਂ ਹੋਇਆਂ ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਾਹ ਅਨਹੁ ਫ਼ਰਮਾਉਂਦੇ ਹਨ ਕਿ ਮੈਂਨੂੰ ਚੇਤੇ ਹੈ ਕਿ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀ ਇਕ ਵਹੀ ਜਿਸ ਦੇ ਅਰੰਭ ਵਿੱਚ ਪਾਟ (Milestone) ਆਉਂਦਾ ਹੈ ਅਤੇ ਜੋ ਵਿਸ਼ੇਸ਼ ਇਕ ਰੁਕੂਅ ( ਪਾਠ ਦੇ ਇਕ ਭਾਗ) ਬਰਾਬਰ ਹੈ, ਉਹ ਅਜਿਹੀ ਅਵਸਥਾ ਵਿੱਚ ਨਾਜ਼ਿਲ (ਪ੍ਰਕਟ) ਹੋਈ ਜੱਦ ਕਿ ਹਜ਼ਰਤ ਸਾਹਬ ਨੂੰ ਗੁਰਦਿਆ ਦੀ ਪੀੜ੍ਹਾਂ ਦਾ ਕਸ਼ਟ ਸੀ ਅਤੇ ਸਯੱਦ ਫ਼ਜ਼ਲ ਸ਼ਾਹ ਸਾਹਬ ਆਪ ਨੂੰ ਘੁੱਟ ਰਹੇ ਸਨ । ਭਾਵ ਇਹ ਇਕ ਵਿਸ਼ੇਸ਼ ਮਿਹਰ ਸੀ ਕਿ ਉਹਨਾਂ ਦੀ ਮੌਜੂਦਗੀ ਵਿੱਚ ਦਬਾਉਂਦਿਆਂ ਹੋਇਆਂ ਹਜ਼ਰਤ ਸਾਹਬ'ਤੇ ਵਹੀ ਨਾਜ਼ਲ ਹੋ ਰਹੀ ਸੀ ਅਤੇ ਵਹੀ ਵੀ ਇਸ ਪ੍ਰਕਾਰ ਸੀ ਕਿ ਕਈ ਵਾਰ ਕਲਾਮ ਉਚੀ ਅਵਾਜ਼ ਵਿੱਚ ਆਪ ਦੇ ਪਵਿੱਤਰ ਮੁਖੱਵਾਕਾਂ ਰਾਹੀਂ ਅਰੰਭ ਹੋ ਜਾਂਦਾ ਸੀ । ਇਹ ਇਲਹਾਮ ਜਿਸ ਦਾ ਉਪੱਰ ਵਰਨਣ ਹੋ ਰਿਹਾ ਹੈ ਇਹ ਉਸ ਘਟਨਾ ਅਤੇ ਮੁਕਦੱਮੇ ਬਾਰੇ ਹੈ ਜੱਦ ਮਿਰਜ਼ਾ ਇਮਾਮ ਦੀਨ ਆਦਿ ਨੇ ਕੰਧ ਕੱਢ ਕੇ ਰਸਤੇ ਬੰਦ ਕਰ ਦਿੱਤੇ ਸਨ । ਅਦਾਲਤ ਵਿੱਚ ਜੋ ਕਾਗਜ਼ ਪੇਸ਼ ਹੋਏ, ਉਹਨਾਂ ਅਨੁਸਾਰ ਫ਼ੈਸਲਾ ਵਿਰੋਧੀਆਂ ਦੇ ਪੱਖ ਵਿੱਚ ਹੁੰਦਾ ਦਿਖਾਈ ਦੇ ਰਿਹਾ ਸੀ ਸਗੋਂ ਉਹਨਾਂ ਨੇ ਪ੍ਰਸਿੱਧ ਕਰ ਦਿੱਤਾ ਸੀ ਕਿ ਛੇਤੀ ਹੀ ਮੁਕਦੱਮਾ ਖਾਰਜ ਹੋ ਜਾਵੇਗਾ, ਪਰ ਜਿਵੇਂ ਰੱਬ ਨੇ ਆਪਜੀ ਨੂੰ ਖ਼ਬਰ ਦਿੱਤੀ ਸੀ, ਉਸੇ ਪ੍ਰਕਾਰ ਹੋਇਆ ਅਤੇ ਅਖੀਰ ਸਮੇਂ ਇਕ ਅਜਿਹਾ ਪ੍ਰਮਾਣ ਦਾ ਕਾਗ਼ਜ਼ ਆਪ ਨੂੰ ਮਿਲ ਗਿਆ ਜਿਸ ਤੋਂ ਉਸ ਭੋਂਇ ਉਪੱਰ ਮਿਰਜ਼ਾ ਇਮਾਮ ਦੀਨ ਸਾਹਬ ਦੇ ਨਾਲ ਹਜ਼ਰਤ ਮਿਰਜ਼ਾ ਗ਼ੁਲਾਮ ਮੁਰਤਜ਼ਾ ਸਾਹਬ ਅਰਥਾਤ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਪਿਤਾ ਜੀ ਵੀ ਕਾਬਜ਼ ਭਾਗੀਦਾਰ ਸਨ, ਸੋ ਅਦਾਲਤ ਨੇ ਆਪ ਅਲੈਹਿ ਸਲਾਮ ਦੇ ਪੱਖ ਵਿੱਚ ਫ਼ੈਸਲਾ ਕਰ ਦਿੱਤਾ ਅਤੇ ਕੰਧ ਢਾਹੁਣ ਦਾ ਹੁਕਮ ਜਾਰੀ ਕਰ ਦਿੱਤਾ । ਇਹ ਵਹੀ ਪੂਰੀ ਸ਼ਾਨ ਨਾਲ ਪੂਰੀ ਹੋਈ, ਇਹ ਵਹੀ ਆਪਣੇ ਅੰਦਰ ਬਹੁਤ ਮਹਾਨਤਾ ਰੱਖਦੀ ਹੈ ਇਸ ਲਈ ਵੱਖ ਵੱਖ ਥਾਵਾਂ ਉਪੱਰ ਇਸ ਦਾ ਵਰਰਨਣ ਕੀਤਾ ਹੋਇਆ ਹੈ ।

ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀਆਂ ਸਭਾਵਾਂ ਦਾ ਵਰਨਣ ਕਰਦਿਆਂ ਹੋਇਆਂ ਹਜ਼ਰਤ ਮੁਸਲਿਹ ਮੌਊਦ ਇਕ ਥਾਂ ਫ਼ਰਮਾਉਂਦੇ ਹਨ ਸਾਡੇ ਕੰਨ੍ਹਾਂ ਵਿੱਚ ਵੀ ਹੁਣ ਤੱਕ ਉਹ ਸਵਰ ਗੂੰਜ ਰਹੇ ਹਨ ਜੋ ਅਸੀਂ ਸਿੱਧੇ ਰੂਪ ਵਿੱਚ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਮੁੱਖਵਾਕਾਂ ਰਾਹੀਂ ਸੁਣੇ । ਫ਼ਰਮਾਉਂਦੇ ਹਨ ਕਿ ਛੋਟਾ ਸੀ ਪਰ ਮੇਰਾ ਮਸ਼ਗ਼ਲਾ ਇਹੋ ਸੀ ਕਿ ਮੈਂ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀ ਸਭਾ ਵਿੱਚ ਬੈਠਾ ਰਹਿੰਦਾ ਅਤੇ ਆਪ ਦੀਆਂ ਗੱਲਾਂ ਸੁਣਦਾ । ਫ਼ਰਮਾਉਂਦੇ ਹਨ ਅਸੀਂ ਸਭਾ ਵਿੱਚ ਐਨ੍ਹੇ ਮਸਲੇ ਸੁਣੇ ਕਿ ਜੱਦ ਆਪ ਦੀਆਂ ਕਿਤਾਬਾਂ ਨੂੰ ਪੜ੍ਹਿਆਂ ਜਾਂਦਾ ਹੈ ਤਾਂ ਇਉਂ ਲਗੱਦਾ ਹੈ ਕਿ ਸਾਰੀਆਂ ਗਲੱਾਂ ਅਸੀਂ ਸੁਣੀਆਂ ਹੋਈਆਂ ਹਨ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀ ਇਹ ਆਦਤ ਸੀ ਕਿ ਆਪ ਦਿਨੇ ਜੋ ਕੁਝ ਵੀ ਲਿੱਖਦੇ ਸਨ ਉਹ ਸ਼ਾਮ ਨੂੰ ਸਭਾ ਵਿੱਚ ਵਰਨਣ ਕਰ ਦਿੰਦੇ ਸਨ । ਇਸ ਲਈ ਆਪ ਦੀਆਂ ਸਾਰੀਆਂ ਗਲੱਾਂ ਸਾਨੂੰ ਚੇਤੇ ਹਨ ਅਤੇ ਅਸੀਂ ਉਹਨਾਂ ਦੇ ਅਰਥਾਂ ਨੂੰ ਚੰਗੀ ਤਰ੍ਹਾਂ ਸਮਝਦੇ ਹਾਂ ਜੋ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀ ਇਛੱਾ ਤੇ ਆਪ ਦੀ ਸਿੱਖਿਆ ਅਨੁਸਾਰ ਹਨ ।

ਫਿਰ ਵਾਸਤਵਿਕ ਈਮਾਨ (ਸ਼ਰਧਾ) ਦਾ ਵਰਨਣ ਕਰਦੇ ਹੋਏ ਇਕ ਥਾਂ ਆਪ ਫ਼ਰਮਾਉਂਦੇ ਹਨ ਕਿ ਇਕ ਮਾਂ ਨੂੰ ਉਸ ਦੇ ਬੱਚੇ ਦੀ ਸੇਵਾ ਲਈ ਕੇਵਲ ਦਲੀਲਾਂ ਦਿੱਤੀਆਂ ਜਾਣ ਅਤੇ ਕਿਹਾ ਜਾਵੇ ਕਿ ਜੇਕਰ ਤੂੰ ਸੇਵਾ ਨਹੀਂ ਕਰੇਂਗੀ ਤਾਂ ਘਰ ਦੀ ਸਾਰੀ ਵਿਵਸਥਾ ਖਿੰਡ ਪੁੰਡ ਜਾਵੇਗੀ ਅਤੇ ਇਹ ਹੋਵੇਗਾ ਉਹ ਹੋਵੇਗਾ ਤਾਂ ਇਹ ਦਲੀਲਾਂ ਉਸ'ਤੇ ਇਕ ਮਿੰਟ ਲਈ ਵੀ ਪ੍ਰਭਾਵ ਨਹੀਂ ਪਾ ਸਕਦੀਆਂ । ਮਾਂ ਨੂੰ ਦਲੀਲਾਂ ਨਾਲ ਬੱਚੇ ਦੀ ਸੇਵਾ ਲਈ ਮਜਬੂਰ ਨਹੀਂ ਕੀਤਾ ਜਾਂਦਾ । ਉਹ ਜੇਕਰ ਸੇਵਾ ਕਰਦੀ ਹੈ ਤਾਂ ਕੇਵਲ ਉਸ ਦੀ ਪ੍ਰੇਮ ਭਾਵਨਾ ਕਰਕੇ ਜੋ ਉਸ ਦੇ ਦਿਲ ਵਿੱਚ ਕੰਮ ਕਰ ਰਿਹਾ ਹੁੰਦਾ ਹੈ । ਇਸੇ ਲਈ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਇਆ ਕਰਦੇ ਸਨ ਕਿ ਚਮਤਕਾਰੀ ਈਮਾਨ ਹੀ ਮਨੁੱਖ ਨੂੰ ਠੋਕਰਾਂ ਤੋਂ ਬਚਾਉਂਦਾ ਹੈ ਨਹੀਂ ਤਾਂ ਉਹ ਲੋਕ ਜੋ ਹੀਲੇ ਹੁਜੱਤਾਂ ਤੋਂ ਕੰਮ ਲੈਂਦੇ ਹਨ ਅਤੇ ਪੈਰ੍ਹ ਪੈਰ੍ਹ ਤੇ ਖੜੇ ਹੋ ਜਾਂਦੇ ਹਨ ਕਿ ਅਤੇ ਕਹਿੰਦੇ ਹਨ ਕਿ ਫਲਾਣਾ ਹੁਕਮ ਕਿਉਂ ਦਿੱਤਾ ਗਿਆ ਅਤੇ ਫਲਾਣਾ

ਕੰਮ ਕਰਨ ਲਈ ਕਿਉਂ ਕਿਹਾ ਗਿਆ । ਅਨੇਕਾਂ ਵਾਰੀ ਠੋਕਰ ਖਾ ਜਾਂਦੇ ਹਨ ਅਤੇ ਉਹਨਾਂ ਦਾ ਰਿਹਾ ਸਿਹਾ ਈਮਾਨ ਵੀ ਜਾਂਦਾ ਰਹਿੰਦਾ ਹੈ । ਪਰ ਕਾਮਲ ਈਮਾਨ ਵਾਲਾ ਮਨੁੱਖ ਆਪਣੇ ਈਮਾਨ ਦੀ ਨੀਂਹ ਅਵਲੋਕਣ ਉਪੱਰ ਰਖੱਦਾ ਹੈ । ਉਹ ਦੂਜਿਆਂ ਦੀਆਂ ਦਲੀਲਾਂ ਨੂੰ ਸੁਣ ਤਾਂ ਲੈਂਦਾ ਹੈ ਪਰ ਉਹਨਾਂ ਦੇ ਇਤਰਾਜਾਂ ਦੇ ਪ੍ਰਭਾਵ ਕੁਬੂਲ ਨਹੀਂ ਕਰਦਾ ਕਿਉਂਕਿ ਉਹ ਰੱਬ ਨੂੰ ਆਪਣੀ ਰੂਹਾਨੀ ਅਖੱਾਂ ਰਾਹੀਂ ਦੇਖ ਚੁਕਿਆ ਹੁੰਦਾ ਹੈ । ਫਿਰ ਆਪ ਨੇ ਮੁਨਸ਼ੀ ਅਰੋੜੇ ਖਾਂਨ ਸਾਹਬ ਦੀ ਉਧਾਰਣ ਦਿੱਤੀ ਜੋ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਇਕ ਸਹਾਬੀ ਸਨ । ਹਜ਼ਰਤ ਮੁਸਲਿਹ ਮੌਊਦ ਫ਼ਰਮਾਉਂਦੇ ਹਨ ਓਹਨਾਂ ਦਾ ਇਕ ਚੁਟਕਲਾ ਮੈਂਨੂੰ ਚੇਤੇ ਹੈ, ਪਹਿਲਾਂ ਵੀ ਮੈਂ ਵਰਨਣ ਕਰ ਚੁਕਿਆ ਹਾਂ ਇਸ ਦਾ, ਫਿਰ ਕਰ ਦਿੰਦਾ ਹਾਂ । ਫ਼ਰਮਾਉਂਦੇ ਹਨ ਕਿ ਉਹ ਕਿਹਾ ਕਰਦੇ ਸਨ ਕਿ ਮੈਂਨੂੰ ਕਈ ਲੋਕਾਂ ਨੇ ਕਿਹਾ ਕਿ ਜੇਕਰ ਤੁਸੀਂ ਮੌਲਵੀ ਸਨਾਉਲੱਾਹ ਸਾਹਬ ਦਾ ਇਕ ਵਾਰ ਭਾਸ਼ਣ ਸੁਣ ਲਓ ਫਿਰ ਤੁਹਾਨੂੰ ਪਤਾ ਲੱਗੇਗਾ ਕਿ ਮਿਰਜ਼ਾ ਸਾਹਬ ਸੱਚੇ ਹਨ ਜਾਂ ਨਹੀਂ । ਉਹ ਕਹਿਣ ਲੱਗੇ ਕਿ ਮੈਂ ਉਹਨਾਂ ਦਾ ਭਾਸ਼ਣ ਇਕ ਵਾਰ ਸੁਣ ਲਿਆ । ਬਾਦ ਵਿੱਚ ਲੋਕ ਮੈਂਨੂੰ ਪੁਛੱਣ ਲੱਗੇ ਕਿ ਹੁਣ ਦੱਸੋ ਕਿ ਐਨ੍ਹੀਆਂ ਦਲੀਲਾਂ ਦੇ ਬਾਦ ਵੀ ਮਿਰਜ਼ਾ ਸਾਹਬ ਨੂੰ ਸਚੱਾ ਸਮਝਿਆ ਜਾ ਸਕਦਾ ਹੈ । ਕਹਿੰਦੇ ਹਨ ਕਿ ਮੈਂ ਕਿਹਾ ਮੈਂ ਤਾਂ ਮਿਰਜ਼ਾ ਸਾਹਬ ਦਾ ਮੂੰਹ ਦੇਖਿਆ ਹੋਇਆ ਹੈ, ਉਹਨਾਂ ਦਾ ਮੂੰਹ ਦੇਖਣ ਦੇ ਬਾਦ ਜੇਕਰ ਮੌਲਵੀ ਸਨਾਉਲੱਾਹ ਸਾਹਬ ਦੋ ਸਾਲ ਵੀ ਮੇਰੇ ਸਾਹਮਣੇ ਭਾਸ਼ਣ ਦਿੰਦੇ ਰਹਿਣ ਤਾਂ ਉਹਨਾਂ ਦੇ ਭਾਸ਼ਣ ਦਾ ਮੇਰੇ ਉਪੱਰ ਕੋਈ ਪ੍ਰਭਾਵ ਨਹੀਂ ਹੋ ਸਕਦਾ ਅਤੇ ਮੈਂ ਨਹੀਂ ਕਹਿ ਸਕਦਾ ਕਿ ਉਹ ਝੂਠੇ ਦਾ ਮੂੰਹ ਹੈ । ਭਾਂਵੇ ਮੈਂਨੂੰ ਉਹਨਾਂ ਦੇ ਇਤਰਾਜ਼ਾਂ ਦੇ ਉਤੱਰ ਵਿੱਚ ਕੋਈ ਗੱਲ ਨ ਆਵੇ ਮੈਂ ਤਾਂ ਇਹੋ ਕਹਾਂਗਾ ਕਿ ਹਜ਼ਰਤ ਮਿਰਜ਼ਾ ਸਾਹਬ ਸੱਚੇ ਹਨ । ਭਾਵ ਦਾਨਾਈ ਦਾ ਗਿਆਨ ਹੋਣਾ ਇਕ ਕਾਮਲ ਮੋਮਿਨ ਲਈ ਜ਼ਰੂਰੀ ਨਹੀਂ ਹੁੰਦਾ ਕਿਉਂਕਿ ਉਸਦਾ ਈਮਾਨ ਅਕਲ ਦੇ ਅਧਾਰ'ਤੇ ਨਹੀਂ ਹੁੰਦਾ ਸਗੋਂ ਅਵਲੋਕਨ ਦੇ ਅਧਾਰ'ਤੇ ਹੁੰਦਾ ਹੈ ।

ਮੁਨਸ਼ੀ ਅਰੋੜੇ ਖਾਂਨ ਸਾਹਬ ਦੀ ਇਹ ਗੱਲ ਹੈ ਇਸ ਨੂੰ ਇਸ ਹਵਾਲੇ ਨਾਲ ਵੀ ਸਾਹਮਣੇ ਲਿਆਉਣਾ ਜ਼ਰੂਰੀ ਸੀ ਕਿ ਸਾਨੂੰ ਖ਼ੁਦਾ ਤਆਲਾ ਨੂੰ ਆਪਣੀ ਰੂਹਾਨੀ ਅੱਖ ਨਾਲ ਦੇਖਣ ਦਾ ਜਤਨ ਕਰਨਾ ਚਾਹੀਦਾ ਹੈ ਅਤੇ ਇਹ ਰੱਬ ਨਾਲ ਸੰਬੰਧ ਵਧਾਉਣ ਨਾਲ ਹੀ ਹੋ ਸਕਦਾ ਹੈ ਅਤੇ ਇਸੇ ਪ੍ਰਕਾਰ ਫਿਰ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਉਪੱਰ ਵਿਸ਼ਵਾਸ ਵੀ ਉਸ ਸਮੇਂ ਵਾਸਤਵਿਕ ਹੋਵੇਗਾ ਜੱਦ ਇਸ ਗੱਲ'ਤੇ ਸਿਥਰ ਹੋਵਾਂਗੇ ਕਿ ਅਲੱਾਹ ਤਆਲਾ ਨੇ ਆਪ ਨੂੰ ਇਸ ਜੁੱਗ ਵਿੱਚ ਦੁਨੀਆ ਦੇ ਸੁਧਾਰ ਲਈ ਭੇਜਿਆ ਹੈ ਅਤੇ ਇਹ ਸਮੇਂ ਦੀ ਲੋੜ ਹੈ । ਸਮਾਂ ਤਕਾਦਾ ਕਰ ਰਿਹਾ ਹੈ । ਇਸ ਜੁੱਗ ਵਿੱਚ ਇਕ ਸੁਧਾਰਕ ਆਉਣਾ ਚਾਹੀਦਾ ਸੀ, ਮਸੀਹ ਮੌਊਦ ਨੂੰ ਆਉਣਾ ਚਾਹੀਦਾ ਸੀ । ਦੁਨੀਆ ਦੀ ਅਵਸਥਾ ਹੀ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀ ਸਚੱਾਈ ਦਾ ਪ੍ਰਮਾਣ ਹੈ ਇਸ ਤੋਂ ਬਿਨਾਂ ਕਿਸੇ ਦਲੀਲ ਦੀ ਲੋੜ ਹੀ ਨਹੀਂ ਕਿਉਂਕਿ ਇਸ ਵਿਗੜੇ ਹੋਏ ਜੁੱਗ ਬਾਰੇ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਅਮ ਦੀ ਭਵਿੱਖਬਾਣੀ ਕੀਤੀ ਸੀ । ਸੋ, ਰੱਬ ਨਾਲ ਸੰਬੰਧ ਹੋਵੇ ਤਾਂ ਫਿਰ ਉਸ ਕਾਦਰ ਰੱਬ ਦਾ ਖ਼ੌਫ਼ ਵੀ ਹੁੰਦਾ ਹੈ ਅਤੇ ਫਿਰ ਬਹੁਤੇ ਚਮਤਕਾਰਾਂ ਦੀ ਵੀ ਲੋੜ ਨਹੀਂ ਹੁੰਦੀ, ਦਲੀਲਾਂ ਦੀ ਲੋੜ ਨਹੀਂ ਹੁੰਦੀ । ਕ੍ਰਿਸ਼ਮੇ ਮੰਗਣ ਦੀ ਲੋੜ ਨਹੀਂ ਹੁੰਦੀ । ਜ਼ਮਾਨੇ ਦੀ ਲੋੜ ਅਤੇ ਆਪ ਦੇ ਜੀਵਨ ਦਾ ਹਰ ਪਲ ਆਪ ਦੀ ਸਚੱਾਈ ਦਾ ਪ੍ਰਮਾਣ ਹੈ । ਇਸ ਲਈ ਇਸ ਨੂੰ ਹਮੇਸ਼ਾ ਚੇਤੇ ਰਖੱਣਾ ਚਾਹੀਦਾ ਹੈ ਅਤੇ ਇਸ ਦਲੀਲ ਰਾਹੀਂ ਆਪਣੇ ਈਮਾਨ ਨੂੰ ਮਜ਼ਬੂਤ ਕਰਦੇ ਰਹਿਣਾ ਚਾਹੀਦਾ ਹੈ ਅਤੇ ਇਹ ਜੁੱਗ ਦੀ ਲੋੜ ਹੈ, ਰੱਬ ਕਰੇ ਹੋਰਨਾ ਮੁਸਲਮਾਨਾਂ ਨੂੰ ਵੀ ਇਸ ਦਾ ਅਨੁਭਵ ਹੋ ਜਾਵੇ ਅਤੇ ਉਹ ਵੀ ਜ਼ਮਾਨੇ ਦੇ ਇਮਾਮ ਨੂੰ ਮਨ੍ਹੰਣ ।

ਹਜ਼ਰਤ ਮੁਨਸ਼ੀ ਅਰੋੜੇ ਖਾਂਨ ਸਾਹਬ ਦੇ ਆਚਰਣ ਦਾ ਵਰਰਨਣ ਕਰਦੇ ਹੋਏ ਇਕ ਥਾਂ ਹਜ਼ਰਤ ਮੁਸਲਿਹ ਮੌਊਦ ਵਰਨਣ ਕਰਦੇ ਹਨ ਕਿ ਮੁਨਸ਼ੀ ਸਾਹਬ ਮਰਹੂਮ, ਮਹੀਨੇ ਵਿੱਚ ਇਕ ਵਾਰ ਕਾਦੀਆਂ ਅਵਸ਼ ਆ ਜਾਂਦੇ ਸਨ ਅਤੇ ਜਿਸ ਦਿਨ ਉਹਨਾਂ ਦੇ ਕਾਦੀਆਂ ਆਉਣ ਦਾ ਸਮਾਂ ਹੁੰਦਾ ਤਾਂ ਉਹਨਾਂ ਦੇ ਦਫ਼ਤਰ ਦਾ ਅਫ਼ਸਰ ਦਫ਼ਤਰ ਵਾਲਿਆਂ ਨੂੰ ਕਹਿ ਦਿੰਦਾ ਕਿ ਅੱਜ ਕੰਮ ਛੇਤੀ ਖ਼ਤਮ ਹੋਣਾ ਚਾਹੀਦਾ ਹੈ ਕਿਉਂਕਿ ਮੁਨਸ਼ੀ ਜੀ ਨੇ ਕਾਦੀਆਂ ਜਾਣਾ ਹੈ, ਜੇਕਰ ਉਹ ਨ ਜਾ ਸਕੇ ਤਾਂ ਉਹਨਾਂ ਦੇ ਦਿਲੋਂ ਅਜਿਹੀ ਆਹ ਨਿਕਲੇਗੀ ਕਿ ਮੈਂ ਬਰਬਾਦ ਹੋ ਜਾਵਾਂਗਾ ਅਤੇ ਇਸ ਪ੍ਰਕਾਰ ਹਮੇਸ਼ਾ ਉਹਨਾਂ ਨੂੰ ਸਮੇਂ ਸਿਰ ਵਿਹਲਾ ਕਰ ਦਿੰਦਾ । ਭਾਵੇਂ ਅਫ਼ਸਰ ਹਿੰਦੂ ਸੀ ਪਰ ਆਪ ਦੀ ਨੇਕੀ, ਸੰਜਮਤਾ ਅਤੇ ਦੁਆ ਦੀ ਪਰਵਾਨਗੀ ਦਾ ਉਸ'ਤੇ ਅਜਿਹਾ ਪ੍ਰਭਾਵ ਸੀ ਕਿ ਉਹ ਆਪ ਹੀ ਆਪ ਉਹਨਾਂ ਲਈ ਕਾਦੀਆਂ ਆਉਣ ਦਾ ਸਮਾਂ ਕੱਢ ਦਿੰਦਾ ਅਤੇ ਕਹਿੰਦਾ ਕਿ ਜੇਕਰ ਇਹ ਕਾਦੀਆਂ ਨ ਜਾ ਸਕੇ ਤਾਂ ਉਹਨਾਂ ਦੇ ਦਿਲ'ਚੋਂ ਅਜਿਹੀ ਆਹ ਨਿਕਲੇਗੀ ਕਿ ਮੈਂ ਬੱਚ ਨਹੀਂ ਸਕਾਂਗਾ ।

ਸੋ, ਇਹ ਪ੍ਰਭਾਵ ਉਹਨਾਂ ਬਜ਼ੁਰਗਾਂ ਦਾ ਹੋਰਨਾਂ ਲੋਕਾਂ ਉਪੱਰ ਸੀ ਜਿੰਨ੍ਹਾ ਨੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਮੂੰਹ ਨੂੰ ਦੇਖਿਆ ਹੋਇਆ ਸੀ ਅਤੇ ਫਿਰ ਨੇਕੀ ਵਿੱਚ ਵਧੇ ਹੋਏ ਸਨ । ਰੱਬ ਨਾਲ ਉਹਨਾਂ ਦਾ ਇਕ ਸੰਬੰਧ ਸੀ । ਹਜ਼ਰਤ ਮੁਸਲਿਹ ਮੌਊਦ ਫ਼ਰਮਾਉਂਦੇ ਹਨ ਕਿ ਮਨੁੱਖ ਰੱਬ ਨਾਲ ਜਿਹੋ ਜਿਹਾ ਮਾਮਲਾ ਕਰਦਾ ਹੈ, ਉਹੋ ਜਿਹਾ ਹੀ ਉਹ ਉਸ ਨਾਲ ਕਰਦਾ ਹੈ । ਸੋ, ਜਿਸ ਰੂਪ ਰੰਗ ਵਿੱਚ ਮਨੁੱਖ ਆਪਣੇ ਦਿਲ ਨੂੰ ਉਸ ਲਈ ਪੰਘਾਰਦਾ ਹੈ ਉਸੇ ਰੂਪ ਰੰਗ ਵਿੱਚ ਰੱਬ ਵੀ ਉਸ ਨਾਲ ਵਰਤਾਓ ਕਰਦਾ ਹੈ । ਦੁਨੀਆ ਉਸ ਨੂੰ ਮਾਰਦੀ ਹੈ, ਉਸ ਨੂੰ ਗਾਲ੍ਹਾਂ ਕਢੱਦੀ ਹੈ, ਉਸਨੂੰ ਦਬਾਉਣ ਦਾ ਜਤਨ ਕਰਦੀ ਹੈ ਪਰ ਉਹ ਹਰ ਵਾਰ ਦਬਾਏ ਜਾਣ ਮਗਰੋਂ ਗੇਂਦ ਵਾਂਗ ਫਿਰ ਉਭਰਦਾ ਹੈ । ਅਜਿਹੇ ਮੋਮਿਨਾਂ ਨੂੰ ਹਰ ਪ੍ਰਕਾਰ ਦੀਆਂ ਰੋਕਾਂ ਦੇ ਬਾਦ ਵੀ ਰੱਬ ਉਹਨਾਂ ਨੂੰ ਵਧਾਉਂਦਾ ਹੈ ਅਤੇ ਇਹੋ ਹਕੀਕੀ ਜਮਾਤ ਹੁੰਦੀ ਹੈ ਜੋ ਤਰੱਕੀ ਕਰਦੀ ਹੈ ਅਤੇ ਅਜਿਹਾ ਈਮਾਨ ਪੈਦਾ ਕਰਨਾ ਚਾਹੀਦਾ ਹੈ । ਸੋ, ਆਪਣੇ ਦਿਲਾਂ ਨੂੰ ਐਜਿਹਾ ਹੀ ਬਣਾਓ ਅਤੇ ਅਜਿਹਾ ਪ੍ਰੇਮ ਜਮਾਤ ਲਈ ਪੈਦਾ ਕਰੋ ਫਿਰ ਦੇਖੋ ਰੱਬ ਤੁਹਾਨੂੰ ਕਿਵੇਂ ਵਧਾਉਂਦਾ ਹੈ । ਜੋ ਲੋਕ ਰੱਬ ਦੇ ਹੋ ਜਾਂਦੇ ਹਨ ਉਹਨਾਂ ਨੂੰ ਤਾਂ ਮੰਗਣਾ ਵੀ ਨਹੀਂ ਪੈਂਦਾ । ਹਜ਼ਰਤ ਮੁਸਲਿਹ ਮੌਊਦ ਫ਼ਰਮਾਉਂਦੇ ਹਨ ਕਿ ਇਹ ਮਤਲਬ ਨਹੀਂ ਕਿ ਦੁਆ ਹੀ ਨਹੀਂ ਕਰਦੇ ਸਗੋਂ ਕਦੇ ਕਦੇ ਕਾਮਲ ਮੋਮਿਨਾਂ ਉਪੱਰ ਅਜਿਹੀ ਅਵਸਥਾ ਵੀ ਆਉਂਦੀ ਹੈ । ਕਈ ਇਸ ਸੰਬੰਧ ਕਰਕੇ ਰੱਬ ਨਾਲ ਨਾਜ਼ ਨਖ਼ਰੇ ਕਰ ਰਹੇ ਹੁੰਦੇ ਹਨ ਰੱਬ ਆਪ ਸਾਡੀ ਲੋੜ ਪੂਰੀ ਕਰੇਗਾ ਪਰ ਇਹ ਮੁਕਾਮ ਐਂਵੇ ਹੀ ਹਾਸਲ ਨਹੀਂ ਹੋ ਜਾਂਦਾ । ਇਹ ਵਿਚਾਰ ਨ ਕਰੋ ਕਿ ਤੁਸੀਂ ਐਂਵੇ ਹੀ ਬੈਠੇ ਰਹੋ ਆਪਣੇ ਦਿਲਾਂ ਵਿੱਚ ਪ੍ਰੇਮ ਪੈਦਾ ਨ ਕਰੋ । ਨਮਾਜ਼ਾਂ ਵਿੱਚ ਵਿਲੀਨਤਾ ਪੈਦਾ ਨ ਕਰੋ । ਦਾਨ, ਪੁੰਨ, ਖ਼ੈਰਾਤ ਤੇ ਚੰਦਿਆਂ ਵਿੱਚ ਢਿੱਲ ਵਰਤੋ, ਝੂਠ, ਫ਼ਰੇਬ ਤੇ ਧੋਖਾ ਧੜੀ ਨਾਲ ਕੰਮ ਲਓ ਅਤੇ ਫਿਰ ਵੀ ਰੱਬ ਦੀ ਵਿਸ਼ੇਸ਼ ਮਿਹਰ ਦੇ ਵਾਰਸ ਹੋ ਜਾਓ । ਇਹ ਕਦੇ ਨਹੀਂ ਹੋ ਸਕਦਾ ।

ਰੱਬ ਨਾਲ ਸੰਬੰਧ ਕਿਹੋ ਜਿਹੇ ਨਿਸ਼ਾਨ ਦਿਖਾਉਂਦਾ ਹੈ ਇਸ ਬਾਰੇ ਹਜ਼ਰਤ ਮੁਸਲਿਹ ਮੌਊਦ ਫ਼ਰਮਾਉਂਦੇ ਹਨ ਕਿ ਮੈਂ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਤੋਂ ਸੁਣਿਆ ਹੋਇਆ ਹੈ ਕਿ ਇਕ ਵਾਰ ਸ਼ਾਇਦ ਹਾਰੂਨ ਰਸ਼ੀਦ ਦੇ ਕਾਲ ਵਿੱਚ ਇਕ ਬਜ਼ੁਰਗ ਜੋ ਅਹਿਲੇ ਬੈਅਤ ਵਿੱਚੋਂ ਸਨ ਅਤੇ ਜਿੰਨ੍ਹਾ ਦਾ ਨਾਂ ਮੂਸਾ ਰਜ਼ਾ ਸੀ ਇਸ ਬਹਾਨੇ ਨਾਲ ਕੈਦ ਕਰ ਦਿੱਤੇ ਗਏ ਕਿ ਉਹਨਾ ਕਰਕੇ ਫ਼ਸਾਦ ਪੈਦਾ ਹੋਣ ਦਾ ਡਰ ਹੈ । ਇਕ ਵਾਰ ਅੱਧੀ ਰਾਤ ਸਮੇਂ ਇਕ ਸਿਪਾਹੀ ਉਹਨਾਂ ਕੋਲ ਕੈਦਖ਼ਾਨੇ ਵਿੱਚ ਰਿਹਾਈ ਦਾ ਹੁਕਮ ਲੈਕੇ ਪਹੁੰਚਿਆ । ਉਹ ਬਹੁਤ ਹੈਰਾਨ ਹੋਏ ਕਿ ਇਸ ਪ੍ਰਕਾਰ ਮੇਰੀ ਰਿਹਾਈ ਦਾ ਤੱਤਕਾਲ ਹੁਕਮ ਕਿਵੇਂ ਹੋ ਗਿਆ । ਉਹ ਬਾਦਸ਼ਾਹ ਨੂੰ ਮਿਲੇ ਅਤੇ ਉਸਨੂੰ ਪੁਛਿਆ ਕਿ ਕੀ ਗੱਲ ਹੈ ਆਪ ਨੇ ਮੈਨੂੰ ਇਸ ਪ੍ਰਕਾਰ ਅਚਨਚੇਤ ਰਿਹਾ ਕਰ ਦਿੱਤਾ । ਉਸ ਨੇ ਕਿਹਾ ਕਿ ਕਾਰਣ ਇਹ ਹੋਇਆ ਕਿ ਮੈਂ ਸੌਂ ਰਿਹਾ ਸੀ ਕਿ ਸੁਪਨੇ ਵਿੱਚ ਦੇਖਿਆ ਕਿ ਕਿਸੇ ਨੇ ਮੈਨੂੰ ਆਣਕੇ ਜਗਾਇਆ ਹੈ । ਸੁਪਨੇ ਵਿੱਚ ਹੀ ਮੇਰੀ ਅੱਖ ਖੁੱਲ ਗਈ ਤਾਂ ਪੁੱਛਿਆ ਆਪ ਕੌਣ ਹਣ ਤਾਂ ਮਲੂਮ ਹੋਇਆ ਕਿ ਹਜ਼ਰਤ ਮੁਹਮੱਦ ਰਸੂਲੁਲੱਾਹ ਸਲਲੱਾਹੁ ਅਲਹਿ ਵਸਲਅਮ ਹਨ । ਮੈਂ ਬਿਨਤੀ ਕੀਤੀ ਕਿ ਕੀ ਹੁਕਮ ਹੈ ਤਾਂ ਆਪ ਨੇ ਫ਼ਰਮਾਇਆ ਕਿ ਹਾਰੂਨ ਰਸ਼ੀਦ, ਇਹ ਕੀ ਗੱਲ ਹੈ ਕਿ ਤੁਸੀਂ ਆਰਾਮ ਨਾਲ ਸੌਂ ਰਹੇ ਹੋ ਅਤੇ ਸਾਡਾ ਪੁਤੱਰ ਕੈਦਖ਼ਾਨੇ ਵਿੱਚ ਹੈ । ਇਹ ਸੁਣ ਕੇ ਮੇਰੇ ਉਪੱਰ ਅਜਿਹਾ ਰੋਹਬ ਪਿਆ ਕਿ ਉਸੇ ਸਮੇਂ ਰਿਹਾਈ ਦਾ ਹੁਕਮ ਭਿਜਵਾਇਆ ।

ਹਜ਼ਰਤ ਮੁਸਲਿਹ ਮੌਊਦ ਇਸ ਦੇ ਬਾਦ ਫਿਰ ਹਵਾਲਾ ਦਿੰਦੇ ਹਨ ਫਿਰ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਇਕ ਪ੍ਰੇਮੀ ਦਾ ਉਹੋ ਮੁਨਸ਼ੀ ਅਰੋੜਾ ਸਾਹਬ ਮਰਹੂਮ ਦਾ ਕਿ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਪ੍ਰੇਮੀਆਂ ਵਿੱਚੋਂ ਸਨ ਇਹ ਉਹਨਾਂ ਦੀ ਵੀ ਆਦਤ ਸੀ ਕਿ ਕਿ ਜਤਨ ਕਰਦੇ ਕਿ ਹਰ ਜੁਮਆ ਜਾਂ ਐਤਵਾਰ ਨੂੰ ਕਾਦੀਆਂ ਵਿੱਚ ਪਹੁੰਚ ਜਾਇਆ ਕਰਨ । ਸੋ, ਜੱਦ ਉਹਨਾਂ ਨੂੰ ਛੁੱਟੀ ਮਿਲਦੀ ਏਥੇ ਆ ਜਾਇਆ ਕਰਦੇ ਸਨ ਅਤੇ ਮਹੀਨੇ ਵਿੱਚ ਇਕ ਵਾਰ ਤਾਂ ਪਹਿਲਾਂ ਵਰਨਣ ਹੋ ਚੁੱਕਿਆ ਹੈ ਅਤੇ ਫਿਰ ਜੱਦ ਆਉਂਦੇ ਸਨ ਤਾਂ ਆਪਣੇ ਸਫ਼ਰ ਦਾ ਇਕ ਹਿਸੱਾ ਪੈਦਲ ਕਰਦੇ ਸਨ ਤਾਂ ਜੋ ਕੁਝ ਰਕਮ ਬੱਚ ਸਕੇ ਅਤੇ ਉਹ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀ ਸੇਵਾ ਵਿੱਚ ਪੇਸ਼ ਕਰ ਸਕਣ । ਉਹਨਾਂ ਦੀ ਉਸ ਸਮੇਂ ਤਨਖ਼ਾਹ ਬਹੁਤ ਘੱਟ ਸੀ । ਸੰਭਵਤਾ ਵੀਹ ਰੁਪਏ ਸੀ ਅਤੇ ਇਸ ਵਿੱਚੋਂ ਕੇਵਲ ਨ ਕੇਵਲ ਆਪਣਾ ਗੁਜ਼ਾਰਾ ਕਰਦੇ ਸਗੋਂ ਸਫ਼ਰ ਲਈ ਖਰਚਾ ਵੀ ਕਢੱਦੇ ਅਤੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀ ਸੇਵਾ ਵਿੱਚ ਨਜ਼ਰਾਨਾ ਵੀ ਪੇਸ਼ ਕਰਦੇ । ਹਜ਼ਰਤ ਮਸੁਲਿਹ ਮੌਊਦ ਫ਼ਰਮਾਉਂਦੇ ਹਨ ਮੈਂ ਉਹਨਾਂ ਨੂੰ ਹਮੇਸ਼ਾ ਇਕ ਹੀ ਕੋਟ ਵਿੱਚ ਦੇਖਿਆ ਹੈ, ਦੂਜਾ ਕੋਟ ਪਾਏ ਹੋਏ ਮੈਂ ਉਹਨਾਂ ਨੂੰ ਸਾਰੀ ਉਮਰ ਨਹੀਂ ਦੇਖਿਆ । ਉਹਨਾਂ ਨੇ ਤਹਿਬੰਦ

(ਲਾਚਾ) ਬੰਨਿਆ ਹੋਇਆ ਹੁੰਦਾ ਸੀ ਅਤੇ ਮਮੂਲੀ ਜਿਹਾ ਕੁਰਤਾ ਹੁੰਦਾ ਸੀ । ਉਹਨਾਂ ਦੀ ਵੱਡੀ ਇੱਛਾ ਹੁੰਦੀ ਸੀ ਕਿ ਉਹ ਹੌਲੀ ਹੌਲੀ ਕੁਝ ਰਕਮ ਜਮਾ ਕਰਦੇ ਰਹਿਣ ਅਤੇ ਫਿਰ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀ ਸੇਵਾ ਵਿਚ ਅਕੀਦਤ ਦੇ ਨਜ਼ਰਾਨੇ ਦੇ ਰੂਪ ਵਿੱਚ ਪੇਸ਼ ਕਰ ਦੇਣ । ਹੌਲੀ ਹੌਲੀ ਆਪਣੀ ਈਮਾਨਦਾਰੀ ਕਰਕੇ ਤਰੱਕੀ ਕਰਦੇ ਗਏ ਅਤੇ ਤਹਿਸੀਲਦਾਰ ਵੀ ਹੋ ਗਏ ।

ਫਿਰ ਉਹਨਾ ਦੀ ਜੋ ਪ੍ਰਸਿੱਧ ਘਟਣਾ ਹੈ ਹਜ਼ਰਤ ਮੁਸਲਿਹ ਮੌਊਦ ਨੇ ਵਰਨਣ ਕੀਤਾ ਕਿ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀ ਵਫ਼ਾਤ ਦੇ ਬਾਦ ਇਕ ਦਿਨ ਆਏ ਮੈਂਨੂੰ ਬਾਹਰ ਬੁਲਾਇਆ ਅਤੇ ਬਹੁਤ ਹੀ ਦੁੱਖ ਨਾਲ ਰੋਣਾ ਸ਼ੁਰੂ ਕਰ ਦਿੱਤਾ । ਹਜ਼ਰਤ ਮੁਸਲਿਹ ਮੌਊਦ ਨੇ ਕਿਹਾ ਕਿ ਮੈਂਨੂੰ ਸਮਝ ਨਹੀਂ ਆਇਆ ਕਿ ਕੀ ਸਬਬ ਹੈ । ਫਿਰ ਉਹਨਾਂ ਨੇ ਤਿੰਨ ਜਾ ਚਾਰ ਸੋਨੇ ਦੀਆਂ ਅਸ਼ਰਫ਼ੀਆਂ ਕੱਢਕੇ ਦਿੱਤੀਆਂ ਕਿ ਇਹ ਮੈਂ ਹਜ਼ਰਤ ਮਸੀਹ ਮੌਊਦ ਲੈਹਿ ਸਲਾਮ ਨੂੰ ਦੇਣਾ ਚਾਹੁੰਦਾ ਸੀ ਪਰ ਤੌਫ਼ੀਕ ਨਹੀਂ ਮਿਲੀ ਅਤੇ ਹੁਣ ਜੱਦ ਮੈਂਨੂੰ ਤੌਫ਼ੀਕ ਮਿਲੀ ਹੈ ਤਾਂ ਹਜ਼ਰਤ ਮੁਸੀਹ ਮੌਊਦ ਅਲੈਹਿ ਸਲਾਮ ਇਸ ਦੁਨੀਆ ਵਿੱਚ ਨਹੀਂ ਅਤੇ ਇਸ'ਤੇ ਫਿਰ ਬਹੁਤ ਦੁੱਖ ਨਾਲ ਰੋਣਾ ਸ਼ੁਰੂ ਕਰ ਦਿੱਤਾ । ਸੋ, ਹਜ਼ਰਤ ਮੁਸਲਿਹ ਮੌਊਦ ਫ਼ਰਮਾਉਂਦੇ ਹਨ ਕਿ ਇਹ ਹੁੰਦਾ ਹੈ ਇਸ਼ਕ (ਪ੍ਰੇਮ) । ਜੇਕਰ ਦੁਨੀਆਂ ਦੀਆਂ ਨੇਮਤਾਂ ਕੋਈ ਨੇਮਤਾਂ ਹਨ ਅਤੇ ਵਾਸਤਵ ਵਿੱਚ ਸਾਨੂੰ ਉਹਨਾਂ ਤੋਂ ਕੋਈ ਵਾਸਤਵਿਕ ਆਰਾਮ ਪਹੁੰਚ ਸਕਦਾ ਹੈ ਉਸ ਦਾ ਵਰਨਣ ਕਰਦਿਆਂ ਹੋਇਆਂ ਫ਼ਰਮਾਉਂਦੇ ਹਨ ਕਿ ਦੁਨੀਆਂ ਦੀਆਂ ਨੇਮਤਾਂ ਬਹੁਤ ਹਨ ਅਤੇ ਜੇਕਰ ਸਾਨੂੰ ਵਾਸਤਵਿਕ ਸ਼ਾਂਤੀ ਪਹੁੰਚ ਸਕਦੀ ਹੈ ਇਕ ਮੋਮਿਨ ਦਾ ਦਿਲ ਉਹਨਾਂ ਨੂੰ ਵਰਤਦੇ ਸਮੇਂ ਦੁੱਖ ਅਨੁਭਵ ਕਰਦਾ ਹੈ ਕਿ ਜੇਕਰ ਇਹ ਨੇਮਤਾਂ ਹਨ ਤਾਂ ਇਸ ਯੋਗ ਸਨ ਕਿ ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲਅਮ ਨੂੰ ਮਿਲਦੀਆਂ । ਹਜ਼ਰਤ ਆਇਸ਼ਾ ਦੀ ਘਟਨਾ ਵੀ ਆਉਂਦੀ ਹੈ ਕਿ ਜੱਦ ਆਪ ਨੂੰ ਨਰਮ ਆਟੇ ਦੀ ਰੋਟੀ ਮਿਲੀ ਤਾਂ ਅਖੱਾਂ ਵਿੱਚ ਹੰਝੂ ਆ ਗਏ ਕਿ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਅਮ ਦੇ ਜੁੱਗ ਵਿੱਚ ਇਹ ਨਹੀਂ ਮਿਲਦਾ ਸੀ ਅਤੇ ਆਪ ਮੋਟੇ ਕੁੱਟੇ ਹੋਏ ਆਟੇ ਦੀ ਰੋਟੀ ਖਾਇਆ ਕਰਦੇ ਸਨ ।

ਇਸੇ ਸੰਬੰਧ ਵਿੱਚ ਹਜ਼ਰਤ ਮੁਸਲਿਹ ਮੌਊਦ, ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨਾਲ ਆਪਣੇ ਪ੍ਰੇਮ ਦਾ ਵਰਨਣ ਕਰਦਿਆਂ ਹੋਇਆਂ ਇਕ ਘਟਣਾ ਲਿਖੱਦੇ ਹਨ, ਫ਼ਰਮਾਉਂਦੇ ਹਨ, ਇਹ ਫ਼ਰਮਾਉਣ ਦੇ ਬਾਦ ਕਿ ਜੇਕਰ ਇਹ ਨੇਮਤਾਂ ਕਿਸੇ ਯੋਗ ਸਨ ਤਾਂ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਅਮ ਨੂੰ ਮਿਲਦੀਆਂ ਅਤੇ ਫਿਰ ਆਪ ਦੇ ਬਾਦ ਆਪ ਦੀ ਛਾਯਾ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੂੰ ਮਿਲਦੀਆਂ । ਫ਼ਰਮਾਉਂਦੇ ਹਨ ਕਿ ਮੈਂ ਅਜੇ ਛੋਟਾ ਹੀ ਸੀ ਕਿ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਜੁੱਗ ਵਿੱਚ ਮੈਂਨੂੰ ਸ਼ਿਕਾਰ ਦਾ ਸ਼ੌਕ ਪੈਦਾ ਹੋ ਗਿਆ । ਇਕ ਹਵਾਈ ਬੰਦੂਕ ਮੇਰੇ ਕੋਲ ਸੀ । ਏਅਰਗਨ ਜਿਸ ਤੋਂ ਮੈਂ ਸ਼ਿਕਾਰ ਮਾਰਕੇ ਘਰ ਲਿਆਇਆ ਕਰਦਾ ਸੀ, ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਕਿਉਂਕਿ ਬਹੁਤ ਘੱਟ ਖਾਣਾ ਖਾਇਆ ਕਰਦੇ ਸਨ ਅਤੇ ਆਪ ਨੂੰ ਦਿਮਾਗ਼ੀ ਕੰਮ ਬਹੁਤਾ ਕਰਨਾ ਪੈਂਦਾ ਸੀ ਅਤੇ ਮੈਂ ਆਪ ਵੀ ਕਿਸੇ ਵੈਦ ਤੋਂ ਸੁਣ ਰੱਖਿਆ ਸੀ ਕਿ ਸ਼ਿਕਾਰ ਦਾ ਮਾਸ ਦਿਮਾਗ਼ੀ ਕੰਮ ਕਰਨ ਵਾਲਿਆਂ ਲਈ ਲਾਭਦਾਇਕ ਹੁੰਦਾ ਹੈ । ਇਸ ਲਈ ਮੈਂ ਹਮੇਸ਼ਾ ਸ਼ਿਕਾਰ ਦਾ ਮਾਸ ਆਪਦੀ ਸੇਵਾ ਵਿੱਚ ਪੇਸ਼ ਕਰ ਦਿਆ ਕਰਦਾ ਸੀ । ਮੈਂਨੂੰ ਚੇਤੇ ਨਹੀਂ ਕਿ ਇਸ ਜੁੱਗ ਮੈਂ ਆਪਣੇ ਲਈ ਸ਼ਿਕਾਰ ਦਾ ਮਾਸ ਪਕਵਾਇਆ ਹੋਵੇ ਹਮੇਸ਼ਾ ਮਾਰਕੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੂੰ ਦੇ ਦਿਆ ਕਰਦ ਸੀ । ਸੋ, ਜੱਦ ਮਨੁੱਖ ਨੂੰ ਆਪਣੇ ਮਹਿਬੂਬ ਨਾਲ ਕਾਮਲ ਪ੍ਰੇਮ ਹੁੰਦਾ ਹੈ ਜਾਂ ਫਿਰ ਜਾਂ ਤਾਂ ਉਹ ਕਿਸੇ ਚੀਜ ਨੂੰ ਆਪਣੇ ਲਈ ਚੰਗਾ ਹੀ ਨਹੀਂ ਸਮਝਦਾ ਅਤੇ ਜਾਂ ਜੇਕਰ ਚੰਗਾ ਸਮਝਦਾ ਹੈ ਤਾਂ ਕਹਿੰਦਾ ਹੈ ਕਿ ਇਹ ਮੇਰੇ ਮਹਿਬੂਬ ਲਈ ਹੈ ।

ਹੁਕੱਾ ਪੀਣ ਦੀ ਆਦਤ ਵਿੱਚ ਗ੍ਰਿਸਤ ਇਕ ਵਿਅਕਤੀ ਦੀ ਘਟਣਾ ਵਰਨਣ ਕਰਨ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਨੇ ਫ਼ਰਮਾਇਆ ਕਿ ਹੁਣ ਇਸੇ ਹੁੱਕੇ ਦੇ ਸਬਬ ਇਕ ਨਸ਼ੇ ਦੀ ਆਦਤ ਸੀ ਉਸ ਵਿਅਕਤੀ ਨੂੰ, ਜਿਸ ਦੇ ਸਬਬ ਕਾਦੀਆਂ ਦਾ ਨੇਕ ਮਾਹੌਲ ਉਸ ਵਿਅਕਤੀ ਕਰਕੇ ਮੁਸੀਬਤ ਬਣ ਗਿਆ ਸੀ ਅਤੇ ਨੇਕ ਵਾਤਾਵਰਣ ਤੋਂ ਜਾਨ ਛੁਡਾ ਕੇ ਉਹ ਵਿਅਕਤੀ ਭੱਜ ਗਿਆ ਅਤੇ ਦੀਨ (ਧਰਮ) ਦਾ ਗਿਆਨ ਸਿੱਖਣ ਤੋਂ ਵਾਂਝਿਆ ਰਿਹਾ, ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀ ਸੰਗਤ ਪਾਉਣ ਤੋਂ ਮਹਿਰੂਮ ਰਿਹਾ । ਇਹ ਸਾਰੇ ਨਸ਼ਾ ਕਰਨ ਵਾਲਿਆਂ ਲਈ ਵੀ ਇਕ ਪਾਠ ਹੈ ।

ਹੁਣ ਮੈਂ ਦੁਨੀਆ ਦੇ ਜੋ ਹਾਲਾਤ ਹੋ ਰਹੇ ਹਨ ਉਸ ਬਾਰੇ ਕੁਝ ਸੰਖੇਪ ਜਿਹਾ ਦਸੱਣਾ ਚਹੁੰਦਾ ਹਾਂ ਕਿ ਜਿਸ ਤਬਾਹੀ ਵੱਲ ਦੁਨੀਆ ਤੀਬਰਤਾ ਨਾਲ ਜਾ ਰਹੀ ਹੈ ਉਸ ਲਈ ਜਮਾਤ ਅਹਮਦੀਆ ਦੇ ਲੋਕਾਂ ਨੂੰ ਬਹੁਤ ਦੁਆ ਵੱਲ ਧਿਆਨ ਦੇਣਾ ਚਾਹੀਦਾ ਹੈ ।

ਨਾਂ ਨਿਹਾਦ (ਤਥਾਕਥਿਤ) ਇਸਲਾਮੀ ਹਕੂਮਤਾਂ ਜੋ ਇਰਾਕ ਤੇ ਸ਼ਾਮ ਵਿੱਚ ਕਾਇਮ ਹਨ ਉਸ ਦੇ ਵਿਰੁਧ ਪਛੱਮੀ ਹੁਕੂਮਤਾਂ ਨੇ ਫ਼੍ਰਾਂਸ ਦੀ ਅਤਿਆਚਾਰੀ ਘਟਣਾ ਦੇ ਬਾਦ ਜੋ ਕਰੜੇ ਪਗ ਚੁਕੱਣ ਦਾ ਨਿਰਣਾ ਕੀਤਾ ਹੈ ਅਤੇ ਹਵਾਈ ਹਮਲੇ ਕਰਨ ਦੀ ਯੋਜਣਾ ਬਣਾਈ ਹੈ ਸਗੋਂ ਹਮਲੇ ਸ਼ੁਰੂ ਕਰ ਦਿੱਤੇ ਹਨ । ਜੇਕਰ ਇਹਨਾ ਹੁਕੂਮਤਾਂ ਨੇ ਇਹ ਹਮਲੇ ਕਰਨੇ ਹਨ ਤਾਂ ਫ਼ਿਰ ਉਹਨਾਂ'ਤੇ ਕਰਨ ਜੋ ਜ਼ੁਲਮ ਕਰ ਰਹੇ ਹਨ । ਇਹਨਾਂ ਹਮਲਿਆਂ ਤੋਂ ਰੱਬ ਮਸੂਮਾ ਤੇ ਨਿਰਦੋਸ਼ਾਂ ਨੂੰ ਸੁਰੱਖਿਅਤ ਰੱਖੇ । ਉੱਥੇ ਰਹਿਣ ਵਾਲੇ ਸ਼ਾਮ (ਸੀਰੀਆ) ਆਦਿ ਵਿੱਚ ਬਹੁਤੇ ਤਾਂ ਇਕ ਚੱਕੀ ਵਿੱਚ ਪੀਹੇ ਜਾ ਰਹੇ ਹਨ ਨ ਏਧਰ ਦਾ ਮਾਰਗ ਹੈ ਨ ਓਧਰ ਦਾ ਮਾਰਗ ਹੈ । ਫਿਰ ਗਵਾਂਢੀ ਮੁਸਲਮਾਨ ਦੇਸ਼ ਵੀ ਇਸ ਫਿਤਨੇ ਫ਼ਸਾਦ ਨੂੰ ਖ਼ਤਮ ਕਰਨ ਵਿੱਚ ਗੰਭੀਰ ਨਹੀਂ ਹਨ । ਚਾਹੀਦਾ ਤਾਂ ਇਹ ਸੀ ਕਿ ਗਵਾਂਢੀ ਦੇਸ਼ ਆਪ ਰਲ ਮਿਲ ਕੇ ਓਥੋਂ ਦੀਆਂ ਸਰਕਾਰਾਂ ਦੀ ਮਦਦ ਕਰਕੇ ਇਸ ਫ਼ਿਤਨੇ ਫ਼ਸਾਦ ਨੂੰ ਮੁਕਾਉਂਦੇ । ਬਦਕਿਸਮਤੀ ਨਾਲ ਮੁਸਲਮਾਨ ਦੇਸ਼ਾਂ ਦੀਆਂ ਸਰਕਾਰਾਂ ਵੀ ਆਪਣੇ ਆਪਣੇ ਦੇਸ਼ ਵਿੱਚ ਅਨਿਆਏ ਤੇ ਅਤਿਆਚਾਰ ਤੋਂ ਕੰਮ ਲੈ ਰਹੀਆਂ ਹਨ । ਸੰਭਵਤਾ ਅਜਿਹੇ ਵਲ੍ਹੇਵੇਂਦਾਰ ਹਾਲਾਤ ਹੋ ਚੁਕੇ ਹਨ ਕਿ ਮਹਾਂਜੁੱਧ ਦੀ ਅਵਸਥਾ ਹੈ । ਇਹ ਕਿ ਛੋਟੇ ਪਧੱਰ'ਤੇ ਸਗੋਂ ਸਾਨੂੰ ਇਹ ਕਹਿਣਾ ਚਾਹੀਦਾ ਹੈ ਕਿ ਮਹਾਂਜੁੱਧ ਅਰੰਭ ਹੋ ਚੁਕਿਆ ਹੈ । ਹੁਣ ਏਥੋਂ ਦੇ ਬਹੁਤ ਸਾਰੇ ਵਿਸ਼ਲੇਸ਼ਕ ਇਸ ਗੱਲ ਨੂੰ ਸਵੀਕਾਰਣ ਲੱਗੇ ਹਨ ਅਤੇ ਲਿਖੱਣ ਵੀ ਲੱਗੇ ਹਨ ਕਿ ਮਹਾਂਜੁੱਧ ਅਰੰਭ ਹੈ । ਇਸ ਗੱਲ ਵੱਲ ਮੈਂ ਤਾਂ ਕਈ ਵਰ੍ਹਿਆਂ ਤੋਂ ਧਿਆਨ ਦੁਆ ਰਿਹਾ ਹਾਂ, ਭਾਂਵੇਂ ਹੁਣ ਇਹ ਲੋਕ ਆਪ ਵੀ ਅਜਿਹੀਆਂ ਗੱਲਾਂ ਕਰਨ ਲੱਗ ਗਏ ਹਨ । ਪਰ ਹੁਣ ਵੀ ਇਹੋ ਲੱਗ ਰਿਹਾ ਹੈ ਕਿ ਨਿਆਂ ਨਾਲ ਕੰਮ ਲੈਣ ਵੱਲ ਕੋਈ ਧਿਆਨ ਨਹੀਂ ਹੋਵੇਗਾ । ਨ ਵੱਡੀਆਂ ਸ਼ਕਤੀਆਂ ਨੂੰ ਨ ਮੁਸਲਮਾਨ ਦੇਸ਼ਾਂ ਨੂੰ ਇਸ ਵੱਲ ਧਿਆਨ ਹੋਵੇਗਾ । ਵੇਖਣ ਨੂੰ ਲਗੱਦਾ ਹੈ ਕਿ ਨਾਂ ਨਿਹਾਦ ਇਸਲਾਮੀ ਹੁਕੂਮਤਾਂ ਦੇ ਵਿਰੁਧ ਸਾਰੀ ਕਾਰਵਾਈ ਹੋ ਰਹੀ ਹੈ ਮਿਲਕੇ । ਇਸ ਲਈ ਜੇਕਰ ਇਸ ਨੂੰ ਖ਼ਤਮ ਕਰ ਦੇਣ ਜਾਂ ਖ਼ਤਮ ਕਰ ਸਕਦੇ ਹੋਣ ਤਾਂ ਅਮਨ ਦੇ ਹਾਲਾਤ ਪੈਦਾ ਹੋ ਜਾਣਗੇ, ਪਰ ਕਈ ਹਾਲਾਤ ਇਸ ਵੱਲ ਸੰਕੇਤ ਕਰ ਰਹੇ ਹਨ । ਇਹ ਫ਼ਿਤਨਾ ਖ਼ਤਮ ਵੀ ਹੋ ਗਿਆ ਤਾਂ ਵੀ ਹਾਲਾਤ ਨਹੀਂ ਸੁਧਰਣਗੇ ਸਗੋਂ ਇਸ ਦੇ ਬਾਦ ਵੱਡੀਆਂ ਸ਼ਕਤੀਆਂ ਦੀ ਖਿੱਚ ਧੂਹ ਅਰੰਭ ਹੋ ਜਾਵੇਗੀ । ਅਤੇ ਦੂਰ ਨਹੀ ਕਿ ਜੁੱਧ ਅਰੰਭ ਹੋ ਜਾਵੇ ਕਿਉਂਕਿ ਰੂਸ (ਰਸ਼ੀਆ) ਅਤੇ ਦੂਜੀਆਂ ਪਛੱਮੀ ਸ਼ਕਤੀਆਂ ਵਿੱਚ ਆਪੋ ਵਿੱਚ ਵਿਵਾਦ ਵਧੱਦੇ ਜਾ ਰਹੇ ਹਨ ਅਤੇ ਫਿਰ ਆਮ ਲੋਕ ਹੀ ਬਹੁਤੇ ਮਰਣਗੇ । ਬੀਤੀਆਂ ਜੰਗਾਂ ਵਿੱਚ ਵੀ ਅਸੀਂ ਇਹੋ ਦੇਖਿਆ ਹੈ ਕਿ ਆਮ ਲੋਕ ਹੀ ਬਹੁਤੇ ਮਰਦੇ ਹਨ । ਨਿਰਦੋਸ਼ ਮਰਦੇ ਹਨ । ਇਸ ਲਈ ਬਹੁਤ ਅਧਿਕ ਦੁਆਵਾਂ ਦੀ ਲੋੜ ਹੈ । ਅਲੱਾਹ ਤਆਲਾ ਦੁਨੀਆ ਨੂੰ ਤਬਾਹੀ ਤੋਂ ਬਚਾਏ । ਇਸ ਤੋਂ ਬਿਨਾ ਵੀ ਸਾਵਧਾਨ ਰਹਿਣ ਲਈ ਬੀਤੇ ਸਾਲਾਂ ਵਿੱਚ ਮੈਂ ਜਮਾਤ ਨੂੰ ਧਿਆਨ ਦੁਆਇਆ ਸੀ, ਇਸ ਵੱਲ ਵੀ ਧਿਆਨ ਦਿਓ। ਸੰਖੇਪ ਵਿੱਚ ਮੈਂ ਕੁਝ ਗੱਲਾਂ ਵੱਲ ਸੰਕੇਤ ਕਰ ਦਿਤੱਾ ਹੈ । ਫਿਰ ਮੈਂ ਧਿਆਨ ਦੁਆਉਂਦਾ ਹਾਂ ਕਿ ਦੁਆਵਾਂ ਵੱਲ ਬਹੁਤ ਧਿਆਨ ਦਿਓ । ਰੱਬ ਹੁਕੂਮਤਾਂ (ਸਰਕਾਰਾਂ) ਨੂੰ ਅਤੇ ਸ਼ਕਤੀਆਂ ਨੂੰ ਅਕਲ ਦੇਵੇ ਕਿ ਦੁਨੀਆ ਨੂੰ ਤਬਾਹੀ ਵੱਲ ਅਤੇ ਬਰਬਾਦੀ ਵੱਲ ਨ ਲੈਕੇ ਜਾਣ ।

**Khulasa Khutba 4.12.2015**
Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131